# SACRAMENTO ਕਾਉਂਟੀ ਦੀ ਮੁੜ-ਵੰਡ ਕਰਨਾ 101

## ਮੁੜ-ਵੰਡ ਕਰਨਾ ਕੀ ਹੈ?

*ਮੁੜ-ਵੰਡ ਕਰਨਾ ਚੋਣ ਜ਼ਿਲ੍ਹਿਆਂ ਦੀ ਮੁੜ-ਸੀਮਾ ਨਿਰਧਾਰਤ ਕਰਨਾ ਹੈ।* Sacramento County Board of Supervisor (Sacramento County ਬੋਰਡ ਸੁਪਰਵਾਈਜ਼ਰ) ਜ਼ਿਲ੍ਹਾ ਦੀਆਂ ਸੀਮਾਵਾਂ ਨੂੰ ਹਰ 10 ਸਾਲਾਂ ਬਾਅਦ, ਸੰਯੁਕਤ ਰਾਜ ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਦੀ ਵਰਤੋਂ ਕਰਕੇ, ਆਬਾਦੀ ਵਿੱਚ ਤਬਦੀਲੀਆਂ ਦਰਸਾਉਣ ਲਈ ਦੁਬਾਰਾ ਬਣਾਇਆ ਜਾਣਾ ਚਾਹੀਦਾ ਹੈ। ਇਸ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਜ਼ਿਲ੍ਹਿਆਂ ਵਿੱਚੋਂ ਇੱਕੋ ਜਿਹੇ ਵਸਨੀਕ ਹੋਣ।



## ਮੁੜ-ਵੰਡ ਕਰਨਾ ਮਹੱਤਵਪੂਰਨ ਕਿਉਂ ਹੈ?

*ਮੁੜ-ਵੰਡ ਕਰਨਾ ਨਿਰਪੱਖ ਨੁਮਾਇੰਦਗ ਦੇ ਵਿਚਾਰ 'ਤੇ ਅਧਾਰਤ ਹੈ।* ਜ਼ਿਲ੍ਹੇ ਦੀਆਂ ਸੀਮਾਵਾਂ ਕਿਵੇਂ ਬਣਾਈਆਂ ਜਾਂਦੀਆਂ ਹਨ, ਇਸ ਨਾਲ ਪ੍ਰਭਾਵਿਤ ਹੁੰਦਾ ਹੈ ਕਿ ਜਨਤਕ ਦਫ਼ਤਰ ਦੀਆਂ ਚੋਣਾਂ ਵਿੱਚ ਕੌਣ ਖੜ੍ਹਾ ਹੁੰਦਾ ਹੈ ਅਤੇ ਕੌਣ ਚੁਣਿਆ ਜਾਂਦਾ ਹੈ। ਮੁੜ-ਵੰਡਣਾ ਇਹ ਵੀ ਨਿਰਧਾਰਤ ਕਰਦਾ ਹੈ ਕਿ ਬੋਰਡ ਦੇ ਮੈਂਬਰ ਨੂੰ ਚੁਣਨ ਦੇ ਮਕਸਦ ਨਾਲ ਕਿਹੜੇ ਗੁਆਂਢ ਅਤੇ ਭਾਈਚਾਰਿਆਂ ਨੂੰ ਇਕੱਠਾ ਕੀਤਾ ਜਾਵੇਗਾ।

## ਮੈਨੂੰ ਕਿਉਂ ਸ਼ਾਮਲ ਹੋਣਾ ਚਾਹੀਦਾ ਹੈ?

ਮੁੜ-ਵੰਡਣ ਦੀ ਪ੍ਰਕਿਰਿਆ ਵਿੱਚ ਭਾਗ ਲੈ ਕੇ, ਭਾਈਚਾਰਿਆਂ ਨੂੰ ਇਹ ਰੂਪ ਦੇਣ ਦਾ ਮੌਕਾ ਮਿਲੇਗਾ ਕਿ ਕਿਹੜੇ ਭਾਈਚਾਰੇ ਸ਼ਕਤੀਸ਼ਾਲੀ ਹਨ ਅਤੇ ਕਿਹੜੇ ਚੁਣੇ ਜਾਣਗੇ। ਕਿਉਂਕਿ ਜ਼ਿਲ੍ਹੇ ਦੀਆਂ ਸੀਮਾਵਾਂ ਹਰ 10 ਸਾਲਾਂ ਵਿੱਚ ਇੱਕ ਵਾਰ ਖਿੱਚੀਆਂ ਜਾਂਦੀਆਂ ਹਨ ਇਸ ਪ੍ਰਕਿਰਿਆ ਦੇ ਭਾਈਚਾਰਕ ਨੁਮਾਇੰਦਗੀ 'ਤੇ ਲੰਬੇ ਸਮੇਂ ਦੇ ਪ੍ਰਭਾਵ ਹੁੰਦੇ ਹਨ।



## ਮੈਂ ਕਿਵੇਂ ਸ਼ਾਮਲ ਹੋ ਸਕਦਾ/ਸਕਦੀ ਹਾਂ?

- ਸਾਡੀ ਵੈੱਬਸਾਈਟ 'ਤੇ Sacramento County ਵਿੱਚ ਮੁੜ-ਵੰਡ ਕਰਨ ਬਾਰੇ ਹੋਰ ਜਾਣੋ: www.SacCounty.net/Redistricting
- ਕਾਉਂਟੀ ਦੀ ਵੈੱਬਸਾਈਟ 'ਤੇ ਮੁੜ-ਵੰਡ ਕਰਨ ਬਾਰੇ ਈਮੇਲ ਚਿਤਾਵਨੀਆਂ ਲਈ ਸਾਈਨ ਅੱਪ ਕਰੋ
- ਜਨਤਕ ਵਰਕਸ਼ਾਪਾਂ ਅਤੇ ਮੁੜ-ਵੰਡ ਕਰਨ ਬਾਰੇ ਸੁਣਵਾਈਆਂ ਵਿੱਚ ਭਾਗ ਲਓ ਅਤੇ ਆਪਣੇ ਭਾਈਚਾਰੇ ਬਾਰੇ ਟਿੱਪਣੀ ਕਰੋ। ਜਾਂ ਤਾਂ ਕਾਉਂਟੀ ਦੇ ਮੁਫ਼ਤ, ਵੈੱਬ-ਆਧਾਰਤ ਮੈਪਿੰਗ ਟੂਲ ਦੀ ਵਰਤੋਂ ਕਰਕੇ ਆਪਣੇ ਜ਼ਿਲ੍ਹੇ ਲਈ ਇੱਕ ਨਕਸ਼ਾ ਬਣਾਓ ਜਾਂ ਹੱਥ ਨਾਲ ਇੱਕ ਨਕਸ਼ਾ ਬਣਾਓ ਅਤੇ ਸੁਪਰਵਾਈਜ਼ਰ ਬੋਰਡ ਕੋਲ ਜਮ੍ਹਾਂ ਕਰਵਾਓ
- Redistricting@saccounty.net 'ਤੇ ਸਵਾਲ ਜਾਂ
- ਟਿੱਪਣੀਆਂ ਈਮੇਲ ਕਰੋ ਜਾਂ (916) 874-5411 'ਤੇ ਕਾਲ ਕਰੋ



SACRAMENTO COUNTY